**Ajasraa, ISSN: 2278-3741**

**UGC CARE Group 1 (Peer Reviewed Refereed Journal)**

www.ajasra.in


# CERTIFICATE OF PUBLICATION

This is to certify that the article entitled

**ਭਰਤਮੁਨੀ ਦੇ ਨਾਟ-ਸ਼ਾਸਤਰ ਦਾ ਸਰੂਪ ਤੇ ਸਿਧਾਂਤਕ ਚਰਚਾ**

Authored By


ਡਾ. ਗੁਰਜਿੰਦਰ ਕੌਰ

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ

ਸ੍ਰੀ ਗੁਰੂ ਨਾਨਕ ਗਰਲਜ ਕਾਲਜ.ਯਮੁਨਾਨਗਰ


Published in


**Ajasraa, ISSN: 2278-3741**

Volume 13 Issue 9 Sep 2024 with Impact Factor 7.448


Editor In Chief


Scanned with CamScanner

# ਭਰਤਮੁਨੀ ਦੇ ਨਾਟ-ਸ਼ਾਸਤਰ ਦਾ ਸਰੂਪ ਤੇ ਸਿਧਾਂਤਕ ਚਰਚਾ

ਡਾ. ਗੁਰਜਿੰਦਰ ਕੌਰ

ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ

ਸ੍ਰੀ ਗੁਰੂ ਨਾਨਕ ਗਰਲਜ ਕਾਲਜ,ਯਮੁਨਾਨਗਰ

ਸਭਿਅਤਾ ਦੇ ਸੂਰਜ ਦੀ ਪਹਿਲੀ ਕਿਰਨ ਨਾਲ ਹੀ ਨਾਟਕ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ। ਨਾਟਯ ਸਾਸਤਰ ਵਿਚ ਭਰਤ ਮੁਨੀ ਨੇ ਲਿਖਿਆ ਹੈ ਕਿ ਦੇਵਤਿਆਂ ਨੇ ਬ੍ਰਹਮਾ ਜੀ ਨੂੰ ਅਜਿਹੇ ਮਨੋਰੰਜਨ ਦਾ ਪ੍ਰਬੰਧ ਕਰਨ ਲਈ ਕਿਹਾ ਜਿਸ ਨਾਲ ਮਨ ਪਰਚਾਵਾ ਹੋ ਸਕੇ। ਬ੍ਰਹਮਾ ਨੇ ਰਿਗਵੇਦ ਤੋਂ ਕਥਾ, ਸਾਮਵੇਦ ਤੋਂ ਸੰਗੀਤ, ਯਜੁਰਵੇਦ ਤੋਂ ਅਭਿਨੈ ਅਤੇ ਅਥਰਵਵੇਦ ਤੋਂ ਰਸ ਲੈ ਕੇ 'ਨਾਟਯ ਵੇਦ' ਨਾਮਕ ਪੰਜਵੇਂ ਵੇਦ ਦੀ ਰਚਨਾ ਕੀਤੀ। ਨਾਟਕ ਸਾਹਿਤ ਦਾ ਸਭ ਤੋਂ ਪੁਰਾਤਨ ਰੂਪ ਹੈ ਜਿਸ ਸੰਬੰਧੀ ਚਰਚਾ ਭਰਤਮੁਨੀ ਦੇ ਗ੍ਰੰਥ 'ਨਾਟਯ ਸ਼ਾਸਤਰ' ਰਾਹੀ ਦੂਜੀ ਤੀਜੀ ਸਦੀ ਵਿਚ ਆਰੰਭ ਹੋ ਗਈ ਸੀ। ਭਾਰਤੀ ਕਾਵਿ ਸ਼ਾਸਤਰ ਦੇ ਅੰਤਰਗਤ ਜਿੱਥੇ ਕਾਵਿ ਸੰਬੰਧੀ ਨੇਮਾਂ ਬਾਰੇ ਚਰਚਾ ਹੋਈ ਉੱਥੇ ਹੀ ਨਾਟਕ ਸੰਬੰਧੀ ਵੀ ਭਾਰਤੀ ਕਾਵਿ ਸਾਸਤਰੀਆਂ ਅਤੇ ਪੱਛਮੀ ਕਾਵਿ ਸ਼ਾਸਤਰੀਆਂ ਦਾ ਵਿਚਾਰ ਵਟਾਂਦਰਾ ਹੋਇਆ । ਨਾਟਕ ਦਾ ਪੁਰਾਤਨ ਰੂਪ ਕਵਿਤਾ ਵਾਲਾ ਹੀ ਹੁੰਦਾ ਸੀ। ਕਾਵਿ ਸੰਬੰਧ ਰੱਖੇ ਗਏ ਨੇਮ ਨਾਟਕ ਨਾਲ ਵੀ ਕਾਫ਼ੀ ਹੱਦ ਤੱਕ ਤਾਲਮੇਲ ਰੱਖਦੇ ਸਨ। ਭਰਤ ਮੁਨੀ ਨਾਟਕ ਨੂੰ ਪੰਜਵਾਂ ਵੇਦ ਕਹਿ ਕੇ ਨਾਟਕ ਦੇ ਮਹੱਤਵ ਨੂੰ ਬਹੁਤ ਉੱਚਾ ਕਰ ਦਿੰਦਾ ਹੈ।

ਨਾਟਕ ਦਾ ਜਨਮ ਈਸਾ ਸ਼ਤਾਬਦੀ ਤੋਂ ਪਹਿਲਾਂ ਹੀ ਹੋ ਚੁੱਕਾ ਸੀ। ਨਾਟਕ ਨੂੰ ਜੋ ਮਹੱਤਵ ਭਾਰਤੀ ਪਰੰਪਰਾ ਵਿਚ ਮਿਲਿਆ ਹੈ ਉਹ ਹੀ ਮਹੱਤਵ ਪੱਛਮ ਵਿਚ ਵੀ ਪ੍ਰਾਪਤ ਹੋਇਆ ਹੈ। ਨਾਟਕ ਸਾਹਿਤ ਦੀ ਇਕ ਮਹੱਤਵਪੂਰਨ ਵਿਧਾ ਹੈ। ਭਾਰਤੀ ਆਚਾਰੀਆਂ ਲੇ ਸਾਹਿਤ ਜਾਂ ਕਾਵਿ ਦੇ ਦੋ ਰੂਪ ਮੰਨੇ ਹਨ। ਇਕ ਸ੍ਰਵਯ ਇਕ ਦ੍ਰਿਸ਼ਯ । ਸ੍ਰਵਯ ਜੋ ਕੰਨਾ ਨਾਲ ਸੁਣਿਆ ਜਾ ਸਕੇ ਅਤੇ ਦ੍ਰਿਸ਼ਯ ਉਹ ਜੋ ਅੱਖਾਂ ਰਾਹੀ ਦੇਖਿਆ ਜਾ ਸਕੇ। ਅੱਖਾਂ ਰਾਹੀ ਦੇਖਿਆ ਜਾਣ ਵਾਲਾ ਸਾਹਿਤ ਰੂਪ ਨਾਟਕ ਹੈ। ਕਿਹਾ ਜਾਂਦਾ ਹੈ ਕਿ ਕੰਨਾ ਨਾਲ ਸੁਣੀ ਗੱਲ ਨਾਲੋਂ ਅੱਖਾਂ ਨਾਲ ਵੇਖੀ ਘਟਨਾ ਜਾਂ ਦ੍ਰਿਸ਼ ਜਿਆਦਾ ਰੌਚਕ ਹੁੰਦਾ ਹੈ। ਉਸ ਦਾ ਦਰਸ਼ਕ ਦੇ ਮਨ ਉੱਤੇ ਸਿੱਧਾ ਅਤੇ ਗੰਭੀਰ ਪ੍ਰਭਾਵ ਪੈਂਦਾ ਹੈ। ਇਸ ਲਈ ਜੇਕਰ ਲਾਟਕ ਨੂੰ ਬਾਕੀ ਸਾਹਿਤ-ਰੂਪਾਂ ਨਾਲੋਂ ਵੱਧ ਹਰਮਨ



Scanned with OKEN Scanner
Scanned with CamScanner

www.ajasra.in
(Peer Reviewed Refereed UGC CARE Group 1 International Journal)

ਪਿਆਰਾ ਅਤੇ ਪ੍ਰਭਾਵਸ਼ਾਲੀ ਕਿਹਾ ਜਾਵੇ ਤਾਂ ਗਲਤ ਨਹੀਂ ਹੋਵੇਗਾ। ਪੱਛਮ ਵਿਚ ਅਰਸਤੂ ਦੇ ਕਾਵਿ ਸ਼ਾਸਤਰ ਤੋਂ ਹੀ ਨਾਟਕ ਦੀ ਚਰਚਾ ਆਰੰਭ ਹੋ ਗਈ ਸੀ। ਇਸੇ ਤਰ੍ਹਾਂ ਹੀ ਭਰਤਮੁਨੀ ਨੇ ਆਪਣੇ ਗ੍ਰੰਥ 'ਨਾਟਯ ਸ਼ਾਸਤਰ' ਵਿਚ ਸਭ ਤੋਂ ਪਹਿਲਾਂ ਨਾਟਕ ਦਾ ਵਿਸ਼ਲੇਸ਼ਣ ਅਤੇ ਵਿਵੇਚਨ ਬੜੇ ਸੂਖਮ ਢੰਗ ਨਾਲ ਕੀਤਾ । ਨਾਟਕ ਨੂੰ ਰੂਪਕ ਦਾ ਭੇਦ ਮੰਨਿਆ ਗਿਆ ਹੈ ਪਰੰਤੂ ਭਰਤਮੁਨੀ ਨੇ ਆਪਣੇ ਨਾਟ-ਸ਼ਾਸਤਰ ਵਿਚ ਰੂਪਕ ਲਈ ਨਾਟਕ ਸ਼ਬਦ ਦੀ ਵਰਤੋਂ ਕੀਤੀ। ਭਰਤਮੁਨੀ ਨੇ ਨਾਟਕ ਨੂੰ ਤਿੰਨਾਂ ਲੋਕਾਂ ਦੇ ਭਾਵਾਂ ਦਾ ਅਨੁਕਰਣ ਮੰਨਿਆ ਹੈ :

त्रैलोकस्यास्य सर्वस्य नाट्य भावा नुकीर्तनम् ।।[1]

''ਨਾਟਕ ਸ਼ਬਦ ਸੰਸਕ੍ਰਿਤ ਦੀ 'ਨਟ' ਜਾਂ 'ਨਾਟ' ਧਾਤੂ ਤੋਂ ਬਣਿਆ ਹੈ ਜਿਸਦਾ ਅਰਥ ਹੈ ਨਾਚ। ਬਾਅਦ ਵਿਚ ਨਾਟਕ ਦੇ ਅਰਥਾਂ ਵਿਚ ਨਕਲ ਜਾਂ ਅਨੁਕਰਣ ਨੂੰ ਵੀ ਜੋੜਿਆ ਜਾਣ ਲੱਗਿਆ ।''[2] ਨਾਟਕ ਦੇ ਸਿਧਾਂਤਾਂ ਸੰਬੰਧੀ ਸਭ ਤੋਂ ਮੁੱਢਲੀ ਪਰ ਮਹੱਤਵਪੂਰਣ ਰਚਨਾ ਭਰਤਮੁਨੀ ਦਾ 'ਨਾਟਯ ਸ਼ਾਸਤਰ' ਹੀ ਹੈ। ਭਰਤ ਮੁਨੀ ਦੇ ਨਾਟ-ਸ਼ਾਸਤਰ ਵਿਚ 36 ਅਧਿਆਇ ਅਤੇ ਛੇ ਹਜਾਰ ਸਲੋਕ ਹਨ। ''ਭਰਤਮੁਨੀ ਨਾਟਕ ਨੂੰ ਇਕ ਅਜਿਹਾ ਸਾਧਨ ਮੰਨਦਾ ਹੈ ਜੋ ਭਾਵਾਂ ਦਾ ਵਰਣਨ ਹੀ ਨਹੀਂ ਕਰਦਾ ਸਗੋਂ ਉਹਨਾਂ ਨੂੰ ਹੂਬਹੂ ਪੇਸ਼ ਵੀ ਕਰਦਾ ਹੈ। ਇਸ ਵਿਚ ਘਟਨਾਵਾਂ ਦੀ ਚਰਚਾ ਨਹੀਂ ਹੁੰਦੀ, ਸਗੋਂ ਘਟਨਾਵਾਂ ਨੂੰ ਵਾਪਰਦਿਆਂ ਵਿਖਾਇਆ ਜਾਂਦਾ ਹੈ। ਮਨੁੱਖੀ ਭਾਵਾਂ ਦੀ ਪ੍ਰਤਿਨਿੱਧਤਾ ਕਰਦੇ ਹੋਏ, ਚਲਦੇ ਫਿਰਦੇ ਪਾਤਰ ਇਕ ਜਾਨਦਾਰ ਮਾਹੌਲ ਦੀ ਸਿਰਜਨਾ ਕਰਦੇ ਹਨ।''[3] 'ਸਾਹਿਤ ਦਰਪਨ' ਦੇ ਲੇਖਕ ਵਿਸ਼ਵਨਾਥ ਨੇ ਨਾਟਕ ਦੇ ਸਰੂਪ ਨੂੰ ਵਿਸਥਾਰ ਨਾਲ ਪੇਸ਼ ਕੀਤਾ ਅਤੇ ਨਾਟਕ ਦੀ ਕਥਾ-ਵਸਤੂ ਨੂੰ ਇਤਿਹਾਸਕ ਪੱਖਾਂ ਨਾਲ ਜੋੜਣ ਤੇ ਬਲ ਦਿੱਤਾ ਹੈ ਅਤੇ ਕਥਾ-ਵਸਤੂ ਮਹਾਨ ਆਦਰਸ਼ਾ ਨੂੰ ਸਥਾਪਿਤ ਕਰਨ ਵਾਲੀ ਹੋਣੀ ਚਾਹੀਦੀ ਹੈ। ''ਕਥਾ ਵਸਤੂ ਦੀ ਸੰਘਟਨਾ ਗਾਂ ਦੀ ਪੂੰਛ ਦੇ ਅਗਲੇ ਹਿੱਸੇ ਵਾਂਗ ਹੋਣੀ ਚਾਹਦੀ ਹੈ।''[4] ਇਸ ਤੋਂ ਛੁੱਟ ਆਚਾਰਿਆ ਵਿਸ਼ਵਨਾਥ ਨਾਟਕ ਦੇ ਨਾਇਕ ਨੂੰ ਕੋਈ ਦੇਵਤਾ, ਰਾਜਾ, ਮਹਾਤਮਾ ਜਾਂ ਕੁਲੀਨ ਵਰਗ ਦਾ ਹੋਣਾ ਵੀ ਜਰੂਰੀ ਮੰਨਦਾ ਹੈ। ਨਾਟਕ ਦਾ ਮੁੱਖ ਰਸ ਸ਼ਿੰਗਾਰ ਜਾਂ ਬੀਰ ਰਸ ਹੋਣ ਦੇ ਨਾਲ-ਨਾਲ ਬਾਕੀ ਰਸ ਗੌਣ ਰੂਪ ਵਿਚ ਹੋਣੇ ਚਾਹੀਦੇ ਹਨ ਅਤੇ ਨਾਟਕ ਵਿਚ ਪੰਜ ਤੋਂ ਦਸ ਅੰਕ ਹੋਣੇ ਚਾਹੀਦੇ ਹਨ। ''ਭਰਤ ਮੁਨੀ ਨਾਟਕ ਨੂੰ ਦੂਜੇ ਕਾਵਿ ਨਮੂਨਿਆਂ ਤੇ ਵੱਖਰੀ ਸ਼੍ਰੇਣੀ ਦਾ ਮੰਨਦਾ ਹੈ ਜਿਸ ਵਿਚ ਕਾਵਿ ਰਸ ਵੀ ਹੈ ਅਤੇ ਰੰਗ ਮੰਚ ਦਾ ਬਨਾਵਟੀ ਅਲੰਕਾਰ ਰਸ ਵੀ। ਇਸ ਲਈ ਭਰਤ ਮੁਨੀ ਨਾਟਕ ਨੂੰ ਦ੍ਰਿਸ਼ ਕਾਵਿ ਮੰਨਦਾ ਹੈ।''[5]

UGC CARE 1



Scanned with CamScanner

UGC CARE GROUP I
ISSN: 2278-3741
www.ajasra.in
(Peer Reviewed Refereed UGC CARE Group 1 International Journal)

ਪੁਰਾਤਨ ਸਮੇਂ ਵਿਚ ਨਾਟਕ ਦੀ ਰੰਗਮੰਚੀ ਪੇਸ਼ਕਾਰੀ ਸੰਬੰਧੀ ਭਰਤਮੁਨੀ ਦਾ ਵਿਚਾਰ ਹੈ ਕਿ ''ਜਦੋਂ ਨਾਟਕ ਖੇਡਿਆ ਜਾਂਦਾ ਸੀ ਤਾਂ ਅਭਿਨੇਤਾ ਤੇ ਅਭਿਨੇਤਰੀਆਂ ਰੰਗਮੰਚ ਤੇ ਬਿਰਾਜਮਾਨ ਹੁੰਦੇ ਸਨ ਉਹਨਾਂ ਨੇ ਕਹਾਣੀ ਅਨੁਸਾਰ ਵਸਤਰ ਤੇ ਆਭੂਸ਼ਣ ਪਾਏ ਹੁੰਦੇ ਸਨ। ਨਾਇਕ ਤੇ ਨਾਇਕਾ ਵਾਂਗ ਬੋਲਦੇ, ਟੁਰਦੇ, ਫਿਰਦੇ, ਇਸ਼ਾਰੇ ਵੀ ਕਰਦੇ ਸਨ ਤੇ ਵਾਰਤਾਲਾਪ ਦੁਆਰਾ ਕਹਾਣੀ ਵੀ ਖੇਡਦੇ ਸਨ ਜੋ ਵਾਯੂਮੰਡਲ ਕਹਾਣੀ ਦਾ ਹੁੰਦਾ ਸੀ ਉਹ ਰੰਗਮੰਚ ਉਤੇ ਚਿਤਰਾਂ, ਰਾਗ, ਸੰਗੀਤ ਅਤੇ ਹੋਰ ਜੁਗਤਾਂ ਦੁਆਰਾ ਪੈਦਾ ਕੀਤਾ ਜਾਂਦਾ ਸੀ।''[6]

''ਭਰਤ ਮੁਨੀ ਆਪਣੇ ਗ੍ਰੰਥ 'ਨਾਟਸ ਸ਼ਾਸਤਰ' ਵਿਚ ਨਾਟਕ ਨੂੰ ਸਾਰੇ ਵਰਣਾਂ ਲਈ ਇਕੋ ਜਿਹਾ ਮੰਨਦਾ ਹੋਇਆ ਨਾਟਕ ਨੂੰ 'ਸਰਵ ਵਰਣਿਕ' ਕਹਿੰਦਾ ਹੈ। ਭਰਤ ਮੁਨੀ ਅਨੁਸਾਰ ਗਿਆਨ ਵਿਗਿਆਨ, ਕਲਾ ਤੇ ਸ਼ਿਲਪ ਆਦਿ ਦਾ ਕੋਈ ਅਜਿਹਾ ਖੇਤਰ ਨਹੀਂ ਜੋ ਨਾਟਕ ਅਧੀਨ ਨਾ ਵਿਚਾਰਿਆ ਜਾਂਦਾ ਹੋਵੇ।''[7] ਵਿਸ਼ਵ ਪੱਧਰ ਤੇ ਜਦੋਂ ਅਸੀ ਨਾਟਕ ਦੇ ਸਰੂਪ ਅਤੇ ਅਸਤਿਤਵ ਨੂੰ ਨਿਸ਼ਚਿਤ ਕਰਦੇ ਹਾਂ ਤਾਂ ਵੇਖਦੇ ਹਾਂ ਕਿ ਯੂਨਾਨੀ ਨਾਟ-ਪਰੰਪਰਾ ਅਤੇ ਸੰਸਕ੍ਰਿਤ ਨਾਟ-ਪਰੰਪਰਾ ਦੋ ਪੁਰਾਤਨ ਨਾਟ ਪਰੰਪਰਾਵਾਂ ਹਨ। ਦੋਹਾਂ ਪਰੰਪਰਾਵਾਂ ਨੇ ਆਪਣੇ-ਆਪਣੇ ਨਾਟ ਸ਼ਾਸਤਰ ਦੀ ਸਿਰਜਨਾ ਕੀਤੀ। ਮੂਲ ਰੂਪ ਵਿਚ ਨਾਟਕ ਦੀ ਪਰਿਭਾਸ਼ਾ ਦਾ ਆਧਾਰ ਅਰਸਤੂ ਦਾ 'ਕਾਵਿ-ਸ਼ਾਸਤਰ' ਅਤੇ ਭਰਤਮੁਨੀ ਦਾ 'ਨਾਟਯ ਸ਼ਾਸਤਰ' ਹੀ ਹੈ। ਅਰਸਤੂ ਦੇ ਅਨੁਕਰਣ ਸਿਧਾਂਤ ਅਨੁਸਾਰ ਨਾਟਕ 'ਜੀਵਨ ਦੀ ਨਕਲ ਹੈ'। ''ਪ੍ਰਾਚੀਨ ਭਾਰਤੀ ਆਚਾਰੀਆ ਨੇ ਵੀ ਨਾਟਕ ਦੀ ਪਰਿਭਾਸ਼ਾ ਕਰਦਿਆਂ ਹੋਇਆਂ ਅਰਸਤੂ ਦੇ ਅਨੁਕਰਣ ਸਿਧਾਂਤ ਵਾਲੀ ਧਾਰਨਾ ਹੀ ਅਪਨਾਈ ਹੈ ਅਤੇ ਇਸ ਸੰਬੰਧ ਵਿਚ ਦੋ ਸੂਤਰ ਪੇਸ਼ ਕੀਤੇ ਹਨ : ਅਵਸਥਾ ਅਨੁਕ੍ਰਿਤੀ : ਨਾਟਯਮ ਅਤੇ 'ਭਾਵ ਅਨੁਕ੍ਰਿਤੀ : ਨਾਟਯਮ । ਦੋਹਾਂ ਉਕਤੀਆਂ ਵਿਚ ਭਾਵਾਂ ਅਤੇ ਸਥਿਤੀ ਦੇ ਅਨੁਕਰਣ ਨੂੰ ਹੀ ਮੁੱਖ ਰੱਖਿਆ ਗਿਆ ਹੈ।''[8]

ਭਰਤਮੁਨੀ ਦਾ ਮੰਨਣਾ ਹੈ ਕਿ ਨਾਟਕ ਜ਼ਿੰਦਗੀ ਨੂੰ ਮੂਰਤੀਮਾਨ ਕਰਨ ਵਾਲੀ ਵਿਧਾ ਹੈ । ਇਹ ਜ਼ਿੰਦਗੀ ਦਾ ਉਤਾਰਾ ਹੈ, ਮਨੁੱਖੀ ਜੀਵਨ ਦੀਆਂ ਸਾਰੀਆਂ ਕਦਰਾਂ ਕੀਮਤਾਂ ਦੇ ਰੋਜ਼ ਮਰ੍ਹਾ ਦੀਆਂ ਕਿਰਿਆਵਾਂ ਅਤੇ ਖਾਲਕ ਤੇ ਖਲਕ ਤੱਕ ਸਭ ਨਾਟਕ ਦਾ ਹਿੱਸਾ ਹਨ। ਇਸਦਾ ਭਾਵ ਇਹ ਹੈ ਕਿ ''ਸਾਹਿਤ ਰਚੈਤਾ ਕਿਸੇ ਵਸਤੂ ਵਿਸ਼ੇਸ਼ ਨੂੰ ਆਪਣੀ ਰਚਨਾ ਦਾ ਵਿਸ਼ਾ ਨਹੀਂ ਬਣਾਉਂਦਾ ਸਗੋਂ ਸਮੁੱਚੀ ਸ੍ਰਿਸ਼ਟੀ ਦੀਆਂ ਵਸਤਾਂ ਦਾ ਆਪਣੀ ਰਚਨਾ ਵਿਚ ਖੈਰ ਮਕਦਮ ਕਰਦਾ ਹੈ।''[9] ਭਾਰਤੀ ਨਾਟ ਪਰੰਪਰਾ ਦਾ ਆਰੰਭ ਭਰਤ ਮੁਨੀ ਦੀ ਪੁਸਤਕ 'ਨਾਟਯ ਸ਼ਾਸਤਰ' ਨਾਲ ਹੀ ਮੰਨਿਆ ਜਾਂਦਾ ਹੈ ਪਰੰਤੂ ਫਿਰ ਵੀ

UGC CARE 1



Scanned with OKEN Scanner
Scanned with CamScanner

ਹੋਰ ਬਹੁਤ ਸਾਰੇ ਆਲੋਚਕਾਂ ਨੇ ਨਾਟਕ ਬਾਰੇ ਆਪਣੇ ਵਿਚਾਰ ਸਮੇਂ ਸਮੇਂ ਪੇਸ਼ ਕੀਤੇ ਹਨ ਜਿਸ ਅਨੁਸਾਰ ਨਾਟਕ ਦੋਹਰੀ ਪ੍ਰਕਿਰਤੀ ਅਤੇ ਦੋਹਰੇ ਕਿਰਦਾਰ ਦਾ ਧਾਰਨੀ ਹੈ ਇਹ ਉਦੋਂ ਸੰਪੂਰਨ ਮੰਨਿਆ ਜਾਂਦਾ ਹੈ ਜਦੋਂ ਇਹ ਲੇਖਕ ਤੋਂ ਦਰਸ਼ਕ ਤੱਕ ਪਹੁੰਚਦਾ ਹੈ ਅਤੇ ਇਸ ਸਫਰ ਦਾ ਮਾਧਿਅਮ ਬਣਦੇ ਹਨ ਨਿਰਦੇਸ਼ਕ ਅਦਾਕਾਰ ਤੇ ਰੰਗਮੰਚ ।

ਭਾਰਤੀ ਕਾਵਿ ਸ਼ਾਸਤੀਆਂ ਨੇ ਨਾਟਕ ਅਤੇ ਕਾਵਿ ਸੰਬੰਧੀ ਜੋ ਵੀ ਧਾਰਨਾਵਾਂ ਪੇਸ਼ ਕੀਤੀਆਂ ਉਹਨਾਂ ਦਾ ਆਰੰਭਕ ਪੱਖ ਸੰਸਕ੍ਰਿਤ ਨਾਟ-ਕਲਾ ਲਈ ਸੀ ਜਿਸ ਨੂੰ ਬਾਅਦ ਵਿਚ ਹਰ ਭਾਰਤੀ ਭਾਸ਼ਾ ਦੀ ਨਾਟ-ਕਲਾ ਲਈ ਉਪਯੋਗੀ ਮੰਨਿਆ ਜਾਣ ਲੱਗਾ। "ਸੰਸਕ੍ਰਿਤ ਨਾਟਕ ਆਪਣੇ ਸ਼ਿਖਰ ਤੇ ਕਾਲੀਦਾਸ ਦੇ ਲਿਖੇ ਨਾਟਕਾਂ ਰਾਹੀਂ ਪਹੁੰਚਦਾ ਹੈ। ਸੰਸਕ੍ਰਿਤ ਵਿਦਵਾਨਾਂ ਨੇ "ਕਾਵਯਸ਼ੁ ਨਾਟਕੰ ਰਮਯੰ' ਕਹਿ ਕੇ ਇਸ ਸਾਹਿਤ ਰੂਪ ਦੀ ਮਹਿਮਾ ਗਾਈ ਹੈ।"[10] ਭਾਰਤੀ ਕਾਵਿ ਸ਼ਾਸਰਤੀ ਵਿਦਵਾਨਾਂ ਨੇ ਨਾਟਕ ਦੀ ਰੂਪਰੇਖਾ ਦੀ ਚਰਚਾ ਕਰਦਿਆਂ ਇਸਦੇ 6 ਜਰੂਰੀ ਤੱਤ ਮੰਨੇ ਹਨ- 1. ਪ੍ਰਾਰੰਭਿਕ ਵਿਧਾਨ 2. ਵ੍ਰਿਤੀ 3. ਕਥਾ-ਵਸਤੂ 4. ਨਾਇਕ 5. ਰਸ 6. ਵਰਜਿਤ ਦ੍ਰਿਸ਼ ਜਾਂ ਅੰਕ।

ਭਰਤ ਮੁਨੀ 'ਨਾਟ-ਸ਼ਾਸਤ੍ਰ' ਬਾਰੇ ਕਿਹਾ ਜਾਂਦਾ ਹੈ ਕਿ ਇਹ ਪਹਿਲੀ ਆਲੋਚਲਾ ਪੁਸਤਕ ਹੈ ਜਿਸ ਵਿਚ 'ਕਾਵਿ ਰਸ' ਬਾਰੇ ਪਹਿਲੀ ਵਾਰ ਵਿਗਿਆਨਕ ਢੰਗ ਨਾਲ ਵਰਣਨ ਹੋਇਆ ਮਿਲਦਾ ਹੈ। ਕਿਹਾ ਜਾਂਦਾ ਹੈ ਕਿ ਇਸਦੇ ਹੱਥ ਲਿਖਤ ਖਰੜੇ ਵੀ ਮੌਜੂਦ ਹਨ ਅਤੇ ਸਭ ਤੋਂ ਵੱਧ ਜੋਰ 'ਨਾਟ ਸ਼ਾਸਤ੍ਰ' ਵਿਚ ਰਸਾਂ ਦੇ ਵਰਣਨ ਉੱਤੇ ਦਿੱਤਾ ਗਿਆ ਹੈ। ਇਸ ਤੋਂ ਬਾਅਦ ਰਸ-ਸਿਧਾਂਤ ਸੰਬੰਧੀ ਜੋ ਵੀ ਆਲੋਚਨਾ ਦੀ ਪੁਸਤਕ ਲਿਖੀ ਗਈ ਉਸ ਦਾ ਆਧਾਰ ਭਰਤ ਮੁਨੀ ਦਾ ਨਾਟ-ਸ਼ਾਸਤ੍ਰ ਹੀ ਹੈ।

Scanned with CamScanner

UGC CARE GROUP 1
www.ajasra.in
ISSN: 2278-3741
(Peer Reviewed Refereed UGC CARE Group 1 International Journal)

## ਹਵਾਲੇ ਤੇ ਟਿੱਪਣੀਆਂ

1. ਡਾ. ਈਸ਼ਰ ਸਿੰਘ ਤਾਂਘ, 'ਭਾਰਤੀ ਸਮੀਖਿਆ ਦੇ ਸਿਧਾਂਤ', ਪੰਨਾ 35
2. ਪ੍ਰੋ. ਪਿਆਰਾ ਸਿੰਘ, 'ਪੰਜਾਬੀ ਨਾਟਕ ਦੇ ਰੰਗਮੰਚ', ਪੰਨਾ 35
3. ਡਾ. ਈਸ਼ਰ ਸਿੰਘ ਤਾਂਘ, 'ਭਾਰਤੀ ਸਮੀਖਿਆ ਦੇ ਸਿਧਾਂਤ', ਪੰਨਾ 36
4. ਉਹੀ, ਪੰਨਾ 36
5. ਡਾ. ਰੋਸ਼ਨ ਲਾਲ ਆਹੂਜਾ, 'ਸਾਹਿਤ ਸ਼ਾਸਤਰ', ਪੰਨਾ 222
6. ਉਹੀ, ਪੰਨਾ 222
7. ਡਾ. ਲਖਵਿੰਦਰ ਸਿੰਘ, 'ਭਾਰਤੀ ਕਾਵਿ ਸ਼ਾਸਤਰ', ਪੰਨਾ 53
8. ਪ੍ਰੋ. ਪਿਆਰਾ ਸਿੰਘ, 'ਪੰਜਾਬੀ ਨਾਟਕ ਦੇ ਰੰਗਮੰਚ', ਪੰਨਾ 13
9. ਡਾ. ਲਖਵਿੰਦਰ ਸਿੰਘ, 'ਭਾਰਤੀ ਕਾਵਿ ਸ਼ਾਸਤਰ', ਪੰਨਾ 54
10. ਪ੍ਰੋ. ਪਿਆਰਾ ਸਿੰਘ, 'ਪੰਜਾਬੀ ਨਾਟਕ ਦੇ ਰੰਗਮੰਚ', ਪੰਨਾ 6

CARE 1

Scanned with OKEN Scanner

Scanned with CamScanner